## ਫਾਇਦੇ

ਪ੍ਰਵਾਸੀਆਂ ਅਤੇ ਕੈਨੇਡਾ ਘੁੰਮਣ ਆਉਣ ਵਾਲਿਆਂ ਲਈ ਯੋਜਨਾਵਾਂ, ਚੁਣੀ ਹੋਈ ਬੀਮਾਕ੍ਰਿਤ ਰਕਮ ਤੱਕ, ਅੱਗੇ ਦਿੱਤਿਆਂ ਲਈ ਕਵਰੇਜ ਮੁਹੱਈਆ ਕਰਦੀਆਂ ਹਨ।

**ਹਸਪਤਾਲ ਅੰਦਰਲੀ ਦੇਖਭਾਲ** – ਹਸਪਤਾਲ ਦੇ ਕਮਰੇ ਅਤੇ ਖਾਣ-ਪੀਣ ਦੇ ਖ਼ਰਚੇ, ਨੀਮ-ਨਿੱਜੀ ਤੱਕ, ਅਤੇ ਇੰਟੈਨਸਿਵ (ਗਹਿਨ) ਅਤੇ ਕੋਰੋਨਰੀ (ਦਿਲ ਸਬੰਧੀ) ਦੇਖਭਾਲ ਲਈ ਖ਼ਰਚੇ

**ਡਾਕਟਰੀ ਸੇਵਾਵਾਂ** – ਡਾਕਟਰ ਜਾਂ ਸਰਜਨ ਵੱਲੋਂ ਕੀਤਾ ਗਿਆ ਇਲਾਜ

**ਰੋਗ ਦੀ ਪਛਾਣ ਕਰਨ ਵਾਲੀਆਂ ਸੇਵਾਵਾਂ** – ਐਕਸ-ਰੇ ਅਤੇ ਹੋਰ ਨਿਦਾਨਕਾਰੀ ਟੈਸਟ

**ਆਉਟ-ਪੇਸ਼ੇਂਟ ਇਲਾਜ** – ਆਉਟ-ਪੇਸ਼ੇਂਟ (ਬਾਹਰੀ ਮਰੀਜ਼) ਲਈ ਡਾਕਟਰੀ ਐਮਰਜੈਂਸੀ ਕਮਰੇ ਦੇ ਖਰਚੇ

**ਦੇਸ਼-ਵਾਪਸੀ** – GMS ਵਲੋਂ ਅਗਾਉਂ-ਪ੍ਰਵਾਨਗੀ ਨਾਲ ਤੁਹਾਨੂੰ ਅਗਲੇਰੇ ਡਾਕਟਰੀ ਇਲਾਜ ਲਈ ਘਰ ਭੇਜਣ ਵਾਸਤੇ $5,000 ਤੱਕ ਦਾ ਖਰਚ

**ਡਾਕਟਰੀ ਨੁਸਖੇ ਵਾਲੀ ਦਵਾਈ** – ਐਮਰਜੈਂਸੀ ਵਿੱਚ ਨੁਸਖੇ ਵਿੱਚ ਲਿਖੀਆਂ ਡਰੱਗਜ਼ ਅਤੇ ਦਵਾਈਆਂ

**ਐਂਬੂਲੈਂਸ** – ਡਾਕਟਰੀ ਐਮਰਜੈਂਸੀ ਵਿੱਚ ਲਾਇਸੈਂਸਸ਼ੁਦਾ ਸੜਕੀ ਐਂਬੂਲੈਂਸ ਦੀ ਵਰਤੋਂ, ਜਾਂ ਜੇਕਰ ਅਗਲੇਰੇ ਹਸਪਤਾਲ ਅੰਦਰਲੇ ਇਲਾਜ ਲਈ ਲਿਜਾਇਆ ਜਾ ਰਿਹਾ ਹੈ ਤਾਂ ਏਅਰ-ਐਂਬੂਲੈਂਸ ਜਾਂ ਬਾਕਾਇਦਾ ਤੌਰ 'ਤੇ ਨਿਰਧਾਰਤ ਏਅਰਲਾਈਨ ਦੀ ਵਰਤੋਂ।

**ਹੈਲਥ-ਪ੍ਰੈਕਸ਼ਟੀਨਰ** – ਆਸਟੀਓਪੈਥ, ਫ਼ਿਜ਼ੀਓਥੈਰੇਪਿਸਟ, ਕਾਇਰੋਪ੍ਰੈਕਟਰ (ਰੀੜ੍ਹ ਅਤੇ ਨਸ ਪ੍ਰਣਾਲੀ ਦੇ ਮਾਹਰ), ਕਾਇਰੋਪੋਡਿਸਟ, ਅਤੇ/ਜਾਂ ਪੋਡੀਐਟਰਿਸਟ (ਪੈਰਾਂ ਦੇ ਮਾਹਰ) ਦੀਆਂ ਸੇਵਾਵਾਂ ਦੇ ਖ਼ਰਚੇ

**ਹਾਦਸੇ ਨਾਲ ਸਬੰਧਤ ਦੰਦਾਂ ਦਾ ਇਲਾਜ** – ਕੁਦਰਤੀ ਦੰਦਾਂ ਦੀ ਮੁਰੰਮਤ ਜਾਂ ਬਦਲੀ ਜਾਂ ਦੰਦ ਦੇ ਦਰਦ ਤੋਂ ਰਾਹਤ

**ਮ੍ਰਿਤਕ ਦੇਹ ਨੂੰ ਵਾਪਸ ਲਿਜਾਣਾ** – ਤੁਹਾਡੇ ਜੱਦੀ ਦੇਸ਼ ਲਈ ਤਿਆਰੀ ਅਤੇ ਢੁਆਈ, ਜਾਂ ਮੌਤ ਹੋਣ ਵਾਲੀ ਜਗ੍ਹਾ 'ਤੇ ਸੰਸਕਾਰ ਜਾਂ ਦਫ਼ਨਾਏ ਜਾਣ ਦਾ ਖ਼ਰਚ

**ਬਾਲ ਦੇਖਭਾਲ** – ਜੇ ਤੁਸੀਂ ਡਾਕਟਰੀ ਐਮਰਜੈਂਸੀ ਕਰਕੇ ਹਸਪਤਾਲ ਵਿੱਚ ਦਾਖਲ ਹੋ, ਤਾਂ ਤੁਹਾਡੇ 'ਤੇ ਆਸਰਿਤ ਬੱਚੇ ਦੀ ਲਾਇਸੈਂਸਸ਼ੁਦਾ ਬਾਲ ਦੇਖਭਾਲ

**ਆਪਣੀ ਜੇਬ ਤੋਂ ਕੀਤੇ ਖ਼ਰਚੇ** – ਪਾਲਿਸੀ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਜੇ ਤੁਸੀਂ ਹਸਪਤਾਲ ਵਿੱਚ ਦਾਖਲ ਰਹਿੰਦੇ ਹੋ, ਤਾਂ ਨਾਲ ਰਹਿ ਰਹੇ ਪਰਿਵਾਰਕ ਮੈਂਬਰ ਵਲੋਂ ਰਿਹਾਇਸ਼, ਭੋਜਨ, ਫੋਨ ਕਾਲਾਂ ਅਤੇ ਟੈਕਸੀ ਜਾਂ ਬਸ ਦੇ ਕਿਰਾਇਆਂ ਲਈ ਕੀਤਾ ਗਿਆ ਖ਼ਰਚਾ

**ਕੈਨੇਡਾ ਤੋਂ ਬਾਹਰ ਸਫ਼ਰ ਦੀ ਕਵਰੇਜ** – ਕਿਸੇ ਦੇਸ਼ ਵਿੱਚ 30 ਦਿਨਾਂ ਤੱਕ ਦੇ ਸਾਈਡ-ਟ੍ਰਿਪਸ ਲਈ ਕਵਰੇਜ

ਤੁਸੀਂ ਜਿੱਥੇ ਵੀ ਹੋਵੋ, ਸਾਡਾ ਸਫ਼ਰ ਸਹਾਇਤਾ ਕੇਂਦਰ ਤੁਹਾਡੀ ਕਵਰੇਜ ਦੀ ਪੁਸ਼ਟੀ ਕਰੇਗਾ ਅਤੇ ਤੁਹਾਡੇ ਲਈ ਹਸਪਤਾਲ ਅਤੇ ਐਮਰਜੈਂਸੀ ਇੰਤਜ਼ਾਮ ਕਰੇਗਾ

## ਆਟੋਮੈਟਿਕ ਪਾਲਿਸੀ ਵਿਸਤਾਰ

- ਕੈਨੇਡਾ ਅਤੇ ਤੁਹਾਡੇ ਮੂਲ ਦੇਸ਼ ਵਿਚਕਾਰ ਜਾਂ ਇਸ ਤੋਂ ਉਲਟ ਸਫ਼ਰ ਦੌਰਾਨ 48 ਘੰਟਿਆਂ ਨੂੰ ਸ਼ਾਮਲ ਕਰਨ ਲਈ ਕਵਰੇਜ ਨੂੰ ਵਧਾਇਆ ਜਾਂਦਾ ਹੈ।
- ਜੇ ਤੁਹਾਡੇ ਹਸਪਤਾਲ ਵਿਚ ਭਰਤੀ ਹੋਣ ਦੌਰਾਨ ਤੁਹਾਡੀ ਯੋਜਨਾ ਦੀ ਮਿਆਦ ਪੂਰੀ ਹੋ ਜਾਂਦੀ ਹੈ, ਤਾਂ ਤੁਹਾਡੇ ਕਵਰੇਜ ਨੂੰ ਤੁਹਾਡੇ ਹਸਪਤਾਲ ਵਿੱਚ ਭਰਤੀ ਹੋਣ ਦੀ ਮਿਆਦ ਅਤੇ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ 72 ਘੰਟਿਆਂ ਤੱਕ ਲਈ ਵਧਾਇਆ ਜਾਂਦਾ ਹੈ।

*ਜੇ ਤੁਸੀਂ ਇਸ ਯੋਜਨਾ ਨੂੰ ਖ਼ਰੀਦਣ ਤੋਂ ਪਹਿਲਾਂ ਡਾਕਟਰੀ ਇਲਾਜ ਕਰਵਾਇਆ ਹੈ ਜਾਂ ਤੁਹਾਨੂੰ ਲੱਛਣਾਂ ਦਾ ਪਤਾ ਲੱਗਿਆ ਹੈ, ਤਾਂ ਕੁਝ ਮਨਾਹੀਆਂ ਲਾਗੂ ਹੋ ਸਕਦੀਆਂ ਹਨ।*

*ਇਹ ਕਿਤਾਬਚਾ ਸਾਰ ਹੈ। ਕਿਰਪਾ ਕਰਕੇ ਪੂਰੇ ਵੇਰਵਿਆਂ ਲਈ ਪਾਲਿਸੀ ਦੀ ਸ਼ਬਦਾਵਲੀ ਦੇਖੋ। ਵੱਧ ਤੋਂ ਵੱਧ ਰਕਮਾਂ ਅਤੇ ਸ਼ਰਤਾਂ ਲਾਗੂ ਹੁੰਦੀਆਂ ਹਨ।*

# ਕੈਨੇਡਾ-ਵਾਸੀਆਂ ਦੀਆਂ ਪੀੜ੍ਹੀਆਂ ਨੇ ਸਾਡੇ 'ਤੇ ਭਰੋਸਾ ਕੀਤਾ ਹੈ। ਤੁਸੀਂ ਵੀ ਕਰ ਸਕਦੇ ਹੋ

1949 ਵਿੱਚ, ਸਸਕੈਚੇਵਨ ਵੱਲੋਂ ਦੁਨੀਆਂ ਨੂੰ ਮੈਡੀਕੇਅਰ ਬਾਰੇ ਦੱਸਣ ਤੋਂ ਇੱਕ ਦਹਾਕਾ ਪਹਿਲਾਂ, ਦੋਸਤਾਂ ਅਤੇ ਗੁਆਂਢੀਆਂ ਦਾ ਇੱਕ ਦ੍ਰਿੜ-ਇਰਾਦਿਆਂ ਵਾਲਾ ਸਮੂਹ ਇੱਕ ਸਾਂਝੇ ਇਰਾਦੇ ਲਈ ਆਪਣੇ ਵਰਗੇ ਦ੍ਰਿੜ-ਇਰਾਦਿਆਂ ਵਾਲੇ ਡਾਕਟਰੀ ਸਮੂਹ ਨਾਲ ਮਿਲ ਗਿਆ: ਕੁਆਲਿਟੀ, ਸਸਤਾ ਸਿਹਤ ਬੀਮਾ।

ਹਰੇਕ ਵਿਅਕਤੀ ਇਹ ਯਕੀਨੀ ਬਣਾਉਣ ਲਈ ਹਰ ਮਹੀਨੇ ਛੋਟੀ ਜਿਹੀ ਰਕਮ ਦਾ ਯੋਗਦਾਨ ਪਾਏਗਾ ਕਿ ਅਚਾਨਕ ਹੋਣ ਵਾਲੀ ਬਿਮਾਰੀ ਜਾਂ ਸੱਟ ਲੱਗਣ ਵੇਲੇ ਉਹਨਾਂ ਦਾ ਅਤੇ ਉਹਨਾਂ ਦੇ ਪਿਆਰਿਆਂ ਦਾ ਚੰਗੀ ਤਰ੍ਹਾਂ ਧਿਆਨ ਰੱਖਿਆ ਜਾਵੇਗਾ – ਅਤੇ ਬਿਲਾਂ ਦਾ ਵੀ ਧਿਆਨ ਰੱਖਿਆ ਜਾਵੇਗਾ।

ਉਸ ਵੇਲੇ Group Medical Services ਦੀ ਸ਼ੁਰੂਆਤ ਹੋਈ ਸੀ।

ਅੱਜ GMS, ਸਿਹਤ ਅਤੇ ਸਫਰ ਬੀਮੇ ਲਈ ਤਰਜੀਹੀ ਪ੍ਰੋਵਾਈਡਰ ਬਣਿਆ ਹੋਇਆ ਹੈ, ਜੋ ਉਹਨਾਂ ਵਿਆਪਕ ਕਿਸਮ ਦੇ ਖ਼ਰਚਿਆਂ ਨੂੰ ਕਵਰ ਕਰਦਾ ਹੈ, ਜੋ ਸਰਕਾਰ ਜਾਂ ਹੋਰ ਨਿੱਜੀ ਬੈਨਿਫਿਟ ਯੋਜਨਾਵਾਂ ਮੁਹੱਈਆ ਨਹੀਂ ਕਰਦੀਆਂ। ਅਤੇ ਅਸੀਂ 2003 ਤੋਂ ਉਤਸਾਹੀ ਅਤੇ ਲਗਾਤਾਰ ਵੱਧ ਰਹੇ ਹੁੰਗਾਰੇ ਪ੍ਰਤੀ ਸਮੁੱਚੇ ਕੈਨੇਡਾ ਭਰ ਵਿੱਚ ਸੇਵਾ, ਚੋਣ, ਅਤੇ ਮੁੱਲ ਦੇ ਆਪਣੇ ਟ੍ਰੇਡਮਾਰਕ ਦੇ ਮੇਲ ਦਾ ਪਸਾਰ ਕਰਦੇ ਆ ਰਹੇ ਹਾਂ।

65 ਸਾਲਾਂ ਵਿੱਚ ਬਹੁਤ ਕੁਝ ਬਦਲਿਆ ਹੈ, ਪਰ ਇੱਕ ਗੱਲ ਜੋ ਕਦੇ ਵੀ ਨਹੀਂ ਬਦਲੇਗੀ:

ਤੁਹਾਡੀ ਰਾਖੀ ਕਰਨ ਦੀ ਸਾਡੀ ਵਚਨਬੱਧਤਾ।

## GMS ਤੋਂ ਵੀ ਉਪਲਬਧ

### TravelStar® ਟ੍ਰੈਵਲ ਇੰਸ਼ੋਰੈਂਸ
- ਇੱਕ ਟ੍ਰਿਪ ਲਈ ਐਮਰਜੈਂਸੀ ਡਾਕਟਰੀ ਬੀਮਾ
- ਕਈ ਟ੍ਰਿਪਾਂ ਲਈ ਸਲਾਨਾ ਐਮਰਜੈਂਸੀ ਡਾਕਟਰੀ ਬੀਮਾ
- ਟ੍ਰਿਪ ਰੱਦ ਹੋਣ ਅਤੇ ਰੁਕਾਵਟ ਪੈਣ ਦਾ ਬੀਮਾ
- ਸਮਾਨ ਦੇ ਗੁੰਮ ਹੋਣ, ਨੁਕਸਾਨ ਹੋਣ ਅਤੇ ਦੇਰੀ ਦਾ ਬੀਮਾ
- ਖੇਡਾਂ ਅਤੇ ਕੰਪਿਊਟਰ ਦੇ ਉਪਕਰਣਾਂ ਲਈ ਕਵਰੇਜ

### ਸਟੂਡੈਂਟ ਪਲਾਨ
ਘਰ ਤੋਂ ਦੂਰ, ਕੈਨੇਡਾ ਵਿੱਚ ਜਾਂ ਵਿਦੇਸ਼ ਵਿੱਚ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਬਿਲਕੁਲ ਸਹੀ ਐਮਰਜੈਂਸੀ ਡਾਕਟਰੀ ਅਤੇ ਸਫਰ ਦੀ ਕਵਰੇਜ।

### ਸਿਹਤ ਬੀਮਾ
ਰੋਜ਼ਾਨਾ ਦੀਆਂ ਉਹਨਾਂ ਸਿਹਤ ਸਬੰਧੀ ਲੋੜਾਂ, ਡਾਕਟਰੀ ਐਮਰਜੈਂਸੀਆਂ ਅਤੇ ਦਵਾਈ ਅਤੇ ਦੰਦਾਂ ਦੇ ਇਲਾਜ ਦੀਆਂ ਵੱਧ ਰਹੀਆਂ ਕੀਮਤਾਂ ਲਈ ਪੂਰਕ ਕਵਰੇਜ, ਜਿਹਨਾਂ ਨੂੰ ਸੂਬਾਈ/ਖੇਤਰੀ ਸਿਹਤ ਯੋਜਨਾਵਾਂ ਰਾਹੀਂ ਕਵਰ ਨਹੀਂ ਕੀਤਾ ਜਾਂਦਾ।

### ਗਰੁੱਪ ਬੈਨਿਫਿਟ ਯੋਜਨਾਵਾਂ
ਕਿਸੇ ਵੀ ਪੱਧਰ ਦੇ ਕਾਰੋਬਾਰੀਆਂ ਲਈ ਖ਼ਾਸ ਤੌਰ 'ਤੇ ਤਿਆਰ ਕੀਤੇ ਅਤੇ ਮੁੱਲ ਵਾਲੇ ਬੀਮਾਕ੍ਰਿਤ ਲਾਭ ਪੈਕੇਜ।


**Group Medical Services**

ਟੋਲ-ਫ੍ਰੀ 1.800.667.3699 ਫੈਕਸ 306.525.6360
ਈਮੇਲ info@gms.ca www.gms.ca



ਮਾਰਚ 2018 • 1503CA18 ਤੋਂ ਲਾਗੂ



GROUP MEDICAL SERVICES ਕਾਪੀਰਾਈਟ © 2018. ਸਭ ਹੱਕ ਰਾਖਵੇਂ ਹਨ। Group Medical Services ਸਸਕੈਚੇਵਨ ਤੋਂ ਬਾਹਰ ਦੇ ਸੂਬਿਆਂ ਵਿੱਚ GMS Insurance Inc. ਲਈ ਕੰਮਕਾਜੀ ਨਾਮ ਹੈ। ਉਤਪਾਦਾਂ ਦੀ ਕਿਊਬੇਕ ਅਤੇ ਨਿਊ ਬ੍ਰਨਸਵਿਕ ਵਿੱਚ ਪੇਸ਼ਕਸ਼ ਨਹੀਂ ਕੀਤੀ ਜਾਂਦੀ।

® TravelStar ਅਤੇ GMS ਲੋਗੋ, Group Medical Services ਦੇ ਰਜਿਸਟਰਡ ਟ੍ਰੇਡਮਾਰਕ ਹਨ।

ਮਾਲੀ ਜ਼ਿੰਮੇਵਾਰੀ Group Medical Services ਵੱਲੋਂ ਲਈ ਜਾਂਦੀ ਹੈ।


# ਇਮੀਗ੍ਰੈਂਟਸ ਐਂਡ ਵਿਜ਼ੀਟਰਸ ਟੂ ਕੈਨੇਡਾ ਇੰਸ਼ੋਰੈਂਸ

## ਮੈਡੀਕਲ ਐਮਰਜੈਂਸੀ ਸਥਿਤੀਆਂ ਅਤੇ ਸੁਪਰ ਵੀਜ਼ਾ ਲਈ ਕਵੇਰਜ

*15 ਮਾਰਚ, 2018*



## ਪ੍ਰਵਾਸੀਆਂ 'ਤੇ ਘੁੰਮਣ ਆਉਣ ਵਾਲਿਆਂ ਵਿਆਪਕ ਕਵਰੇਜ

ਸਿਹਤ ਬੀਮਾ ਮਾਲੀ ਬੋਝ ਨਹੀਂ ਹੋਣਾ ਚਾਹੀਦਾ। ਕੈਨੇਡਾ ਇੱਕ ਅਜਿਹਾ ਦੇਸ਼ ਹੈ, ਜੋ ਸਸਤੀ, ਕੁਆਲਿਟੀ ਵਾਲੀ ਸਿਹਤ ਦੇਖਭਾਲ 'ਤੇ ਅਧਾਰਿਤ ਹੈ, ਅਤੇ ਅਸੀਂ ਇਸੇ ਸੋਚ ਨੂੰ ਤੁਹਾਡੇ ਤੱਕ ਵਧਾਉਣਾ ਚਾਹੁੰਦੇ ਹਾਂ।

ਭਾਵੇਂ ਤੁਸੀਂ ਸੁਪਰ ਵੀਜ਼ਾ ਲਈ ਦਰਖਾਸਤ ਦੇ ਰਹੇ ਹੋ, ਕੈਨੇਡਾ ਵਿਚ ਪਰਿਵਾਰ ਨੂੰ ਮਿਲਣ ਆ ਰਹੇ ਜਾਂ ਸਥਾਈ ਤੌਰ 'ਤੇ ਇੱਥੇ ਵਸਣ ਲਈ ਆ ਰਹੇ ਹੋ, ਆਪਣੇ ਐਮਰਜੈਂਸੀ ਇਲਾਜ ਅਤੇ ਦੇਖਭਾਲ ਦੇ ਖ਼ਰਚੇ ਨੂੰ GMS 'ਤੇ ਛੱਡ ਦਿਓ। ਅਸੀਂ ਤੁਹਾਡੀਆਂ ਐਮਰਜੈਂਸੀ ਡਾਕਟਰੀ ਲੋੜਾਂ ਦਾ ਧਿਆਨ ਰੱਖਾਂਗੇ – ਤੁਸੀਂ ਉਸ ਸਭ ਦਾ ਆਨੰਦ ਮਾਣ ਸਕਦੇ ਹੋ, ਜਿਸਦੀ ਕੈਨੇਡਾ ਪੇਸ਼ਕਸ਼ ਕਰਦਾ ਹੈ!

### ਫਾਇਦਿਆਂ ਵਿੱਚ ਹੋਰ ਵਾਧਾ ਕਰੋ

**ਅਸਾਨ ਦਰਖਾਸਤ** – ਸਾਡੇ ਅਸਾਨੀ ਨਾਲ ਵਰਤੇ ਜਾਣ ਵਾਲੇ ਔਨਲਾਈਨ ਦਰਖਾਸਤ ਫਾਰਮ ਨਾਲ ਕੈਨੇਡਾ ਪਹੁੰਚਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਦਰਖਾਸਤ ਦਿਓ।

**ਕਟੌਤੀਯੋਗ ਰਕਮ ਦੀ ਚੋਣ** – $0, $100, $500 ਜਾਂ $1,000. ਚੋਣ ਤੁਹਾਡੀ ਹੈ।

**ਬੀਮਾ ਰਕਮ ਦੀ ਚੋਣ** – $25,000, $50,000, $100,000 ਜਾਂ $150,000. ਤੁਸੀਂ ਬੀਮੇ ਦੀ ਉਸ ਰਕਮ ਦੀ ਚੋਣ ਕਰਦੇ ਹੋ, ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੀ ਹੋਵੇ।

**ਸਫਰ ਸਬੰਧੀ ਬੈਨਿਫਿਟ** – ਜਦੋਂ ਤੁਹਾਡੇ ਜ਼ਿਆਦਾਤਰ ਸਫਰ ਕੈਨੇਡਾ ਵਿਚ ਹੁੰਦੇ ਹਨ, ਤਾਂ ਸਾਈਡ-ਟ੍ਰਿਪਾਂ ਲਈ 30 ਦਿਨਾਂ ਤੱਕ ਕਵਰੇਜ ਦਾ ਵਿਸਤਾਰ ਕੀਤਾ ਜਾਂਦਾ ਹੈ।

**ਯਾਤਰਾ ਸਹਾਇਤਾ ਸੇਵਾਵਾਂ (ਟ੍ਰੈਵਲ ਅਸਿਸਟੈਂਸ ਸਰਵਿਸਿਜ਼)** – ਇਹ ਨਾ ਸਿਰਫ ਦਿਨ ਵਿੱਚ 24-ਘੰਟੇ ਉਪਲਬਧ ਹਨ, ਬਲਕਿ ਇਹ ਕਈ ਵੱਖ-ਵੱਖ ਭਾਸ਼ਾਵਾਂ ਵਿੱਚ ਵੀ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ।

**ਸਿੱਧੇ ਬਿਲ ਦੇਣੇ** – ਕਈ ਸਿਹਤ ਪ੍ਰਦਾਤਾ GMS ਨੂੰ ਸਿੱਧੇ ਤੌਰ 'ਤੇ ਬਿਲ ਦਿੰਦੇ ਹਨ, ਜਿਸ ਨਾਲ ਆਪਣੀ ਜੇਬ ਤੋਂ ਕੀਤੇ ਜਾਂਦੇ ਖਰਚੇ ਦੀ ਬਚਤ ਹੁੰਦੀ ਹੈ।

**GMS ਗਾਹਕ ਸੇਵਾ** – ਆਪਣੇ ਪ੍ਰਸ਼ਨਾਂ ਅਤੇ ਚਿੰਤਾਵਾਂ ਨਾਲ ਸਾਨੂੰ ਕਾਲ ਕਰਨ ਤੋਂ ਨਾ ਝਿਜਕੋ।

**GMS ਬੀਮਾ ਬ੍ਰੋਕਰ ਬਾਰੇ ਹੋਰ ਜਾਣਕਾਰੀ ਲਈ, ਸਾਡੀ ਵੈਬਸਾਈਟ www.gms.ca 'ਤੇ ਜਾਓ ਜਾਂ 1.800.667.3699 'ਤੇ ਕਾਲ ਕਰੋ।**

## GMS ਪ੍ਰਵਾਸੀ ਅਤੇ ਕੈਨੇਡਾ ਘੁੰਮਣ ਆਉਣ ਵਾਲੇ ਲੋਕ

ਦਰਾਂ 15 ਮਾਰਚ, 2018 ਤੋਂ ਲਾਗੂ

| | | ਰੋਜ਼ਾਨਾ ਰੇਟ ਸੂਚੀ<br>ਮਿੱਥੀ ਹੋਈ ਕਟੌਤੀ (ਪ੍ਰਤੀ ਦਾਅਵਾ, ਸਾਰੀਆਂ ਰਕਮਾਂ ਕੈਨੇਡੀਅਨ ਡਾਲਰਾਂ ਵਿੱਚ ਹਨ) | | | | ਰੋਜ਼ਾਨਾ ਰੇਟ x 365 ਦਿਨ<br>ਮਿੱਥੀ ਹੋਈ ਕਟੌਤੀ (ਪ੍ਰਤੀ ਦਾਅਵਾ, ਸਾਰੀਆਂ ਰਕਮਾਂ ਕੈਨੇਡੀਅਨ ਡਾਲਰਾਂ ਵਿੱਚ ਹਨ) | | | |
|---|---|---|---|---|---|---|---|---|---|
| **ਉਮਰ** | **ਬੀਮੇ ਦੀ ਰਕਮ** | **$1,000** | **$500** | **$100** | **$0** | **$1,000** | **$500** | **$100** | **$0** |
| **18 ਤੋ ਘੱਟ** | **$25,000** | $1.58 | $1.82 | $2.05 | $2.29 | $576.70 | $664.30 | $748.25 | $835.85 |
| | **$50,000** | $1.81 | $2.08 | $2.35 | $2.49 | $660.65 | $759.20 | $857.75 | $908.85 |
| | **$100,000** | $2.40 | $2.65 | $2.90 | $3.25 | $876.00 | $967.25 | $1,058.50 | $1,186.25 |
| | **$150,000** | $3.05 | $3.41 | $3.72 | $4.08 | $1,113.25 | $1,244.65 | $1,357.80 | $1,489.20 |
| **18-34** | **$25,000** | $1.73 | $1.99 | $2.25 | $2.51 | $631.45 | $726.35 | $821.25 | $916.15 |
| | **$50,000** | $1.99 | $2.29 | $2.59 | $2.74 | $726.35 | $835.85 | $945.35 | $1,000.10 |
| | **$100,000** | $2.62 | $3.10 | $3.40 | $3.60 | $956.30 | $1,131.50 | $1,241.00 | $1,314.00 |
| | **$150,000** | $3.31 | $3.71 | $4.08 | $4.45 | $1,208.15 | $1,354.15 | $1,489.20 | $1,624.25 |
| **35-54** | **$25,000** | $1.99 | $2.29 | $2.59 | $2.89 | $726.35 | $835.85 | $945.35 | $1,054.85 |
| | **$50,000** | $2.26 | $2.59 | $2.93 | $3.09 | $824.90 | $945.35 | $1,069.45 | $1,127.85 |
| | **$100,000** | $3.47 | $3.88 | $4.35 | $4.55 | $1,266.55 | $1,416.20 | $1,587.75 | $1,660.75 |
| | **$150,000** | $4.08 | $4.69 | $5.30 | $5.80 | $1,489.20 | $1,711.85 | $1,934.50 | $2,117.00 |
| **55-59** | **$25,000** | $2.16 | $2.48 | $2.81 | $3.09 | $788.40 | $905.20 | $1,025.65 | $1,127.85 |
| | **$50,000** | $2.40 | $2.60 | $2.94 | $3.10 | $876.00 | $949.00 | $1,073.10 | $1,131.50 |
| | **$100,000** | $3.50 | $3.90 | $4.35 | $4.60 | $1,277.50 | $1,423.50 | $1,587.75 | $1,679.00 |
| | **$150,000** | $4.22 | $4.85 | $5.49 | $6.12 | $1,540.30 | $1,770.25 | $2,003.85 | $2,233.80 |
| **60-64** | **$25,000** | $2.89 | $3.32 | $3.76 | $4.12 | $1,054.85 | $1,211.80 | $1,372.40 | $1,503.80 |
| | **$50,000** | $3.24 | $3.54 | $3.93 | $4.14 | $1,182.60 | $1,292.10 | $1,434.45 | $1,511.10 |
| | **$100,000** | $3.93 | $4.52 | $4.90 | $5.13 | $1,434.45 | $1,649.80 | $1,788.50 | $1,872.45 |
| | **$150,000** | $4.86 | $5.59 | $6.32 | $7.05 | $1,773.90 | $2,040.35 | $2,306.80 | $2,573.25 |
| **65-69** | **$25,000** | $3.35 | $3.85 | $4.36 | $4.86 | $1,222.75 | $1,405.25 | $1,591.40 | $1,773.90 |
| | **$50,000** | $3.85 | $4.43 | $5.01 | $5.58 | $1,405.25 | $1,616.95 | $1,828.65 | $2,036.70 |
| | **$100,000** | $4.80 | $5.58 | $6.31 | $7.03 | $1,752.00 | $2,036.70 | $2,303.15 | $2,565.95 |
| | **$150,000** | $5.92 | $6.81 | $7.70 | $8.58 | $2,160.80 | $2,485.65 | $2,810.50 | $3,131.70 |
| **70-74** | **$25,000** | $5.32 | $6.12 | $6.92 | $7.71 | $1,941.80 | $2,233.80 | $2,525.80 | $2,814.15 |
| | **$50,000** | $6.32 | $7.27 | $8.22 | $9.16 | $2,306.80 | $2,653.55 | $3,000.30 | $3,343.40 |
| | **$100,000** | $7.52 | $8.65 | $9.78 | $10.90 | $2,744.80 | $3,157.25 | $3,569.70 | $3,978.50 |
| | **$150,000** | $9.09 | $10.45 | $11.82 | $13.18 | $3,317.85 | $3,814.25 | $4,314.30 | $4,810.70 |
| **75-79** | **$25,000** | $6.17 | $7.10 | $8.02 | $8.95 | $2,252.05 | $2,591.50 | $2,927.30 | $3,266.75 |
| | **$50,000** | $7.14 | $8.21 | $9.28 | $10.35 | $2,606.10 | $2,996.65 | $3,387.20 | $3,777.75 |
| | **$100,000** | $8.81 | $10.13 | $11.45 | $12.77 | $3,215.65 | $3,697.45 | $4,179.25 | $4,661.05 |
| | **$150,000** | $10.70 | $12.31 | $13.91 | $15.52 | $3,905.50 | $4,493.15 | $5,077.15 | $5,664.80 |